ਵਿਚਾਰ-ਚਰਚਾ

ਗੁਰਸ਼ਰਨ ਸਿੰਘ

# ਅਧਿਆਪਕ ਵਰਗ ਲਈ ਚੁਣੌਤੀਆਂ

ਪੰਜਾਬ ਦੇ ਸਮੁੱਚੇ ਸਮਾਜ ਵਿਚ ਸਕੂਲ ਅਧਿਆਪਕਾਂ ਦੀ ਚੇਤਨਾ, ਚਿੰਤਨ ਅਤੇ ਜਥੇਬੰਦੀ ਦੀ ਸੂਝ ਦੇ ਪੱਖ ਤੋਂ ਇਕ ਖਾਸ ਥਾਂ ਹੈ। ਇਹ ਵਰਗ ਪੰਜਾਬ ਦੀ ਹਰ ਇਕ ਪ੍ਰਗਤੀਸ਼ੀਲ ਲਹਿਰ ਵਿਚ ਅਪਣੀ ਭੂਮਿਕਾ ਨਿਭਾਉਂਦਾ ਹੈ। ਲੇਖਕ ਸਭਾਵਾਂ, ਤਰਕਸ਼ੀਲ ਸੋਸਾਇਟੀਆਂ, ਜਮਹੂਰੀ ਅਧਿਕਾਰ ਸਭਾਵਾਂ, ਸਭਿਆਚਾਰਕ ਸੰਸਥਾਵਾਂ, ਹਰ ਇਕ ਥਾਂ ਵੱਡੀ ਗਿਣਤੀ ਵਿਚ ਅਧਿਆਪਕ ਸ਼ਾਮਲ ਹਨ। ਅਧਿਆਪਕਾਂ ਦੀਆਂ ਆਪਣੀਆਂ ਯੂਨੀਅਨਾਂ ਦੀ ਬੜੀਆਂ ਸ਼ਕਤੀਸ਼ਾਲੀ ਹਨ। ਸਰਕਾਰੀ ਸਕੂਲਾਂ ਦੇ ਅਧਿਆਪਕ ਗੌਰਮਿੰਟ ਟੀਚਰਜ਼ ਯੂਨੀਅਨ, ਡੈਮੋਕਰੇਟਿਕ ਟੀਚਰਜ਼ ਫਰੰਟ ਦੀਆਂ ਜਥੇਬੰਦੀਆਂ ਵਿਚ ਪੂਰੀ ਤਰ੍ਹਾਂ ਜਥੇਬੰਦ ਹਨ। ਆਪਸੀ ਜਥੇਬੰਦਕ ਵਿਰੋਧਤਾਈਆਂ ਕਿੰਨੀਆਂ ਹੀ ਹੋਣ ਪਰ ਅਧਿਆਪਕਾਂ ਦੇ ਹਿੱਤ ਵਿਚ ਇਹ ਯੂਨੀਅਨਾਂ ਸਾਂਝੀਆਂ ਕਾਰਵਾਈਆਂ ਵੀ ਕਰਦੀਆਂ ਹਨ ।

ਇਸ ਸਮੇਂ ਅਧਿਆਪਕਾਂ ਦੇ ਸਾਹਮਣੇ ਦੋ ਵੱਡੀਆਂ ਚੁਣੌਤੀਆਂ ਆਈਆਂ ਹਨ ਜਿਨ੍ਹਾਂ ਦਾ ਮੁਕਾਬਲਾ ਕਰਨਾ ਇਸ ਵਰਗ ਲਈ ਬੜਾ ਜ਼ਰੂਰੀ ਹੈ।

ਪਹਿਲੀ ਚੁਣੌਤੀ ਉਸ ਵੇਲੇ ਆਈ ਹੈ, ਜਦੋਂ ਵਿਦਿਆ ਮੰਤਰੀ ਜਥੇਦਾਰ ਤੋਤਾ ਸਿੰਘ ਨੇ ਇਹ ਹੁਕਮ ਕੱਢ ਮਾਰਿਆ ਕਿ ਕੁੜੀਆਂ ਦੇ ਸਕੂਲਾਂ ਵਿਚ ਕੋਈ ਮਰਦ ਅਧਿਆਪਕ ਨਹੀਂ ਹੋਵੇਗਾ ਯਾਨੀ ਇਸ ਵਰਗ ਦੇ ਇਖਲਾਕ ਉੱਤੇ ਕਿੰਤੂ ਵਿੰਤੂ ਕੀਤਾ ਗਿਆ ਹੈ। ਇਹ ਭਾਵੇਂ ਸੱਚ ਹੈ ਕਿ ਕੁੱਝ ਅਧਿਆਪਕਾਂ ਦੇ ਇਖਲਾਕੀ ਗਿਰਾਵਟ ਦੇ ਕੇਸ ਸਾਹਮਣੇ ਆਏ ਹਨ ਪਰ ਇਸ ਤੋਂ ਵੱਡਾ ਸੱਚ ਇਹ ਹੈ ਕਿ ਇਹ ਵਰਗ ਸਮੁੱਚੇ ਤੌਰ ਤੇ ਆਪਣੀਆਂ ਵਿਦਿਆਰਥਣਾਂ ਵਿਚ ਬੜੇ ਮਾਨ ਵਾਲੀ ਥਾਂ ਰੱਖਦਾ ਹੈ। ਮੈਨੂੰ ਪਿਛਲੇ ਸਾਲਾਂ ਵਿਚ ਬੜੇ ਸਕੂਲਾਂ ਵਿਚ ਸਭਿਆਚਾਰਕ ਪ੍ਰੋਗਰਾਮਾਂ 'ਤੇ ਜਾਣ ਦਾ ਮੌਕਾ ਮਿਲਿਆ ਹੈ ਜਿਹੜੇ ਪ੍ਰੋਗਰਾਮ ਕਿਸੇ ਅਧਿਆਪਕ ਦੇ ਸੇਵਾ ਮੁਕਤ ਹੋਣ ਤੇ ਉਹਦੀ ਵਿਦਾਇਗੀ ਦੇ ਸਿਲਸਿਲੇ ਵਿਚ ਆਯੋਜਿਤ ਕੀਤੇ ਗਏ ਸਨ। ਉਸ ਵੇਲੇ ਪਤਾ ਲੱਗਦਾ ਹੈ ਕਿ ਅਧਿਆਪਕ ਅਪਣੇ ਵਿਦਿਆਰਥੀਆਂ ਤੇ ਵਿਦਿਆਰਥਣਾਂ ਵਿਚ ਕਿੰਨੇ ਪਿਆਰੇ ਹਨ। ਇਕ ਥਾਂ ਤੇ ਦਸਵੀਂ ਜਮਾਤ ਦੀਆਂ ਵਿਦਿਆਰਥਣਾਂ ਨੇ ਰਿਟਾਇਰ ਹੋਏ ਅਧਿਆਪਕ ਲਈ ਇਕ ਸਵੈਟਰ ਦਾ ਤੋਹਫ਼ਾ ਦਿੱਤਾ ਜਿਸ ਸਵੈਟਰ ਨੂੰ ਉਨ੍ਹਾਂ ਵਿਦਿਆਰਥਣਾਂ ਨੇ ਆਪ ਬੁਣਿਆ ਸੀ ਤੇ ਹਰ ਇਕ ਵਿਦਿਆਰਥਣ ਨੇ ਇਕ-ਇਕ ਸਿਲਾਈ ਪਾਈ ਸੀ। ਬੜੇ-ਬੜੇ ਲਾਇਕ ਅਧਿਆਪਕ ਹਨ ਜਿਨ੍ਹਾਂ ਕੋਲੋਂ ਪੜ੍ਹੀਆਂ ਹੋਈਆਂ ਵਿਦਿਆਰਥਣਾਂ ਅੱਗੇ ਜਾ ਕੇ ਜ਼ਿੰਦਗੀ ਵਿਚ ਵੱਡੀਆਂ ਪ੍ਰਾਪਤੀਆਂ ਕਰਦੀਆਂ ਹਨ। ਵਿਦਿਆ ਮੰਤਰੀ ਨੇ ਜਿਹੜਾ ਹੁਕਮ ਕੱਢਿਆ ਇਹ ਅਧਿਆਪਕ ਵਰਗ ਲਈ ਬੜੀ ਵੱਡੀ ਚੁਣੌਤੀ ਸੀ। ਇਹ ਤਸੱਲੀ ਵਾਲੀ ਗੱਲ ਹੈ ਕਿ ਇਸ ਵਰਗ ਨੇ ਇਸ ਹੁਕਮ ਦੇ ਵਿਰੁੱਧ ਸ਼ਕਤੀਸ਼ਾਲੀ ਰੋਸ ਪ੍ਰਤੀਕਰਮ ਪ੍ਰਗਟਾਇਆ ਅਤੇ ਇਹ ਹੁਕਮ ਵਾਪਸ ਕਰਵਾਇਆ ਹੈ। ਇੱਕਾ-ਦੁੱਕਾ ਗੰਦਾ ਅਨਸਰ ਹੋ ਸਕਦਾ ਹੈ ਪਰ ਇਹ ਮੰਨੀ ਹੋਈ ਸਚਾਈ ਹੈ ਕਿ ਇਸ ਆਪਾ-ਧਾਪੀ ਦੇ ਸਮਾਜ ਵਿਚ ਅਧਿਆਪਕ ਵਰਗ ਹੀ ਹੈ, ਜੋ ਇਖਲਾਕੀ ਤੌਰ ਤੇ ਹੋਰਨਾਂ ਤੋਂ ਕਿਤੇ ਉੱਚਾ ਤੇ ਸੁੱਚਾ ਹੈ। ਇਸ ਉੱਚਤਾ ਤੇ ਸੁੱਚਤਾ ਨੂੰ ਜਿੱਥੇ ਕਾਇਮ ਰੱਖਣਾ ਅਧਿਆਪਕਾਂ ਦਾ ਫਰਜ਼ ਹੈ, ਉੱਥੇ ਸਮਾਜ ਦਾ ਫਰਜ਼ ਹੈ ਕਿ ਇਸ ਉੱਚਤਾ ਤੇ ਸੁੱਚਤਾ ਦੀ ਪਹਿਚਾਣ ਕਰਕੇ ਇਸ ਵਰਗ ਨੂੰ ਮਾਨ ਤੇ ਸਨਮਾਨ ਦੇਵੇ। ਕੋਈ ਐਸੀ ਕਾਰਵਾਈ ਜਿਹੜੀ ਇਸ ਮਾਨ ਅਤੇ ਸਨਮਾਨ ਨੂੰ ਠੇਸ ਪੁਚਾਂਦੀ ਹੈ ਉਸ ਨੂੰ ਰੋਕਣਾ ਜ਼ਰੂਰੀ ਹੈ।

ਦੂਜੀ ਚੁਣੌਤੀ ਇਸ ਵਰਗ ਨੂੰ ਵਿਦਿਆ ਮਹਿਕਮੇ ਵਿਚ ਫੈਲੀ ਭ੍ਰਿਸ਼ਟਤਾ ਹੈ। ਬਦਲੀਆਂ ਦੇ ਮਾਮਲੇ ਵਿਚ ਇਹ ਵੇਖਣ ਸੁਣਨ ਵਿਚ ਆਇਆ ਹੈ ਕਿ ਇਸ ਮਹਿਕਮੇ ਦਾ ਚੰਡੀਗੜ੍ਹ ਦਫ਼ਤਰ ਭ੍ਰਿਸ਼ਟਾਚਾਰ ਦੀਆਂ ਸਾਰੀਆਂ ਹੱਦਾਂ ਟੱਪ ਰਿਹਾ ਹੈ। ਇਹ ਸਾਫ਼ ਹੈ ਕਿ ਹੁਣ ਦੂਰ-ਦੁਰਾਡੇ ਪਿੰਡਾਂ ਵਿਚ ਸਕੂਲ ਕਾਇਮ ਹਨ। ਇਨ੍ਹਾਂ ਸਕੂਲਾਂ ਵਿਚ ਅਧਿਆਪਕਾਂ ਦੀਆਂ ਸੇਵਾਵਾਂ ਦੀ ਲੋੜ ਹੈ ਅਤੇ ਉੱਥੇ ਅਧਿਆਪਕ ਲਗਾਣੇ ਵੀ ਹਨ। ਨੌਕਰੀ, ਨੌਕਰੀ ਹੀ ਹੁੰਦੀ ਹੈ ਪਰ ਬਦਲੀਆਂ ਦੀ ਕੋਈ ਨੀਤੀ ਨਾ ਬਣਨ ਕਰਕੇ ਦਫ਼ਤਰ ਦੇ ਅਮਲੇ ਦੀ ਚਾਂਦੀ ਬਣੀ ਹੋਈ ਹੈ।

ਬਦਲੀਆਂ ਦੇ ਸੀਜ਼ਨ ਵਿਚ ਅਧਿਆਪਕ ਇਸ ਦਫ਼ਤਰ ਦੇ ਚੱਕਰ ਤੇ ਚੱਕਰ ਲਗਾਉਂਦੇ ਹਨ ਤਾਂ ਜੋ ਅਪਣੀ ਮਰਜ਼ੀ ਦੀ ਥਾਂ ਨਿਯੁਕਤੀ ਹੋ ਸਕੇ। ਇਸ ਕਮਜ਼ੋਰੀ ਦਾ ਦਫ਼ਤਰੀ ਅਮਲਾ ਪੂਰੀ ਤਰ੍ਹਾਂ ਲਾਭ ਉਠਾਉਂਦਾ ਹੈ। ਅਧਿਆਪਕ ਯੂਨੀਅਨਾਂ ਲਈ ਇਹ ਚੁਣੌਤੀ ਹੈ ਕਿ ਉਹ ਇੱਕ ਨੀਤੀ ਬਣਵਾਉਣ ਅਤੇ ਉਹ ਸਖ਼ਤੀ ਨਾਲ ਲਾਗੂ ਕਰਵਾਉਣ। ਕਮੇਟੀਆਂ ਬਣਨ, ਜਿਨ੍ਹਾਂ ਵਿਚ ਅਧਿਆਪਕਾਂ ਦੇ ਨੁਮਾਇੰਦੇ ਹੋਣ। ਅਧਿਆਪਕ ਜੇਕਰ ਕਿਸੇ ਵੱਡੇ ਬੰਦੇ ਦੀ ਸਿਫਾਰਸ਼ ਨਾਲ ਜਾਂ ਭ੍ਰਿਸ਼ਟਾਚਾਰ ਨਾਲ ਬਦਲੀ ਕਰਵਾਉਂਦੇ ਹਨ ਤਾਂ ਉਹ ਇਖਲਾਕੀ ਗਿਰਾਵਟ ਦੇ ਭਾਗੀਦਾਰ ਹੋ ਜਾਂਦੇ ਹਨ। ਇਹ ਗਿਰਾਵਟ ਫੇਰ ਉਨ੍ਹਾਂ ਨੂੰ ਆਪਣੇ ਪਵਿੱਤਰ ਪੇਸ਼ੇ ਦੇ ਨਿਭਾਉਣ ਵਿਚ ਰੁਕਾਵਟ ਹੁੰਦੀ ਹੈ। ਅਧਿਆਪਕ ਵਰਗ ਨੂੰ ਇਹ ਚੁਣੌਤੀ ਕਬੂਲ ਕਰਦੇ ਹੋਏ ਇਸ ਭ੍ਰਿਸ਼ਟਾਚਾਰ ਉੱਤੇ ਠੱਲ ਪਾਉਣੀ ਚਾਹੀਦੀ ਹੈ। ਅਧਿਆਪਕ ਵਰਗ, ਜਿਨ੍ਹਾਂ ਵਿਚੋਂ ਬਹੁਤੇ ਖੱਬੀ ਵਿਚਾਰਧਾਰਾ ਦੇ ਹਨ, ਸਮਾਜ ਲਈ ਇਕ ਚਾਨਣ ਮੁਨਾਰਾ ਬਣਨ, ਇਹ ਸਮੇਂ ਦੀ ਲੋੜ ਹੈ।